ਵਾਰਵਿਕਸ਼ਾਇਰ ਕਾਉਂਟੀ ਕਾਉਂਸਿਲ



# 3 ਅਤੇ 4 ਸਾਲ ਦੇ ਬੱਚਿਆਂ ਲਈ ਮੁਢਲੀ ਸਿੱਖਿਆ ਅਤੇ ਬਾਲ ਦੇਖਭਾਲ ਅਧਿਕਾਰ

## ਆਪਣੇ ਫ਼ੰਡ ਪ੍ਰਾਪਤ ਮੁਢਲੀ ਸਿੱਖਿਆ ਸਥਾਨ ਤੱਕ ਪਹੁੰਚ ਕਿਵੇਂ ਕੀਤੀ ਜਾਵੇ

## ਜੇ ਤੁਹਾਡੇ ਬੱਚੇ ਦੀ ਉਮਰ 3 ਜਾਂ 4 ਸਾਲ ਹੈ, ਤਾਂ ਉਹ ਆਪਣੇ 3ਜੇ ਜਨਮਦਿਨ ਦੇ ਬਾਅਦ ਸਕੂਲ ਸਾਲ ਦੀ ਸ਼ੁਰੂਆਤ ਤੋਂ ਲੈਕੇ ਸਕੂਲ ਜਾਣ ਦੀ ਵਿਧਾਨਕ ਉਮਰ ਹੋਣ ਤੱਕ ਜਾਂ ਫਿਰ ਸਕੂਲ ਸੁਆਗਤੀ ਕਲਾਸ ਸ਼ੁਰੂ ਹੋਣ ਤੱਕ ਫ਼ੰਡ ਪ੍ਰਾਪਤ ਮੁਢਲੀ ਸਿੱਖਿਆ ਸਥਾਨ ਦੀ ਪਹੁੰਚ ਪ੍ਰਾਪਤ ਕਰ ਸਕਦੇ ਹਨ, ਇਹਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ

| ਇਸ ਵਿਚਕਾਰ ਪੈਦਾ ਹੋਏ ਬੱਚੇ: | ਮੁਫ਼ਤ ਸਥਾਨਾਂ ਦੀ ਸ਼ੁਰੂਆਤ ਦਾ ਸਮਾਂ: |
|---|---|
| 1 ਜਨਵਰੀ - 31 ਮਾਰਚ | ਗਰਮੀਆਂ (ਸਮਰ) ਦਾ ਸਮਾਂ (Summer Term) (1 ਅਪ੍ਰੈਲ ਤੋਂ) |
| 1 ਅਪ੍ਰੈਲ - 31 ਅਗਸਤ | ਪਤਝੜ (ਔਟਮ) ਦਾ ਸਮਾਂ (Autumn Term) (1 ਸਿਤੰਬਰ ਤੋਂ) |
| 1 ਸਿਤੰਬਰ - 31 ਦਿਸੰਬਰ | ਬਸੰਤ (ਸਪ੍ਰਿੰਗ) ਦਾ ਸਮਾਂ (Spring Term) (1 ਜਨਵਰੀ ਤੋਂ) |

## ਮੁਢਲੇ ਅਧਿਕਾਰਾਂ ਵਿੱਚ ਇਹ ਸ਼ਾਮਲ ਹੁੰਦੇ ਹਨ:

- 15 ਯੂਨੀਵਰਸਲ ਘੰਟੇ
- 30 ਵਿਸਥਾਰਤ ਘੰਟੇ
- ਮੁਢਲੇ ਸਾਲ ਬਾਲ ਪ੍ਰੀਮੀਅਮ (Early Years Pupil Premium (EYPP))
- ਅਪਾਹਜਤਾ ਪਹੁੰਚ ਫ਼ੰਡ (Disability Access Fund (DAF))

## ਮੇਰਾ ਬੱਚਾ ਕਿਸੇ ਸਥਾਨ ਤੱਕ ਕਿੱਥੋਂ ਪਹੁੰਚ ਕਰ ਸਕਦਾ ਹੈ?

ਤੁਹਾਡਾ ਬੱਚਾ ਆਪਣੇ ਮੁਢਲੇ ਸਾਲਾਂ ਦੀ ਸਿੱਖਿਆ ਹੇਠਾਂ ਦਿੱਤੇ ਜਿਹੇ ਮੁਢਲੇ ਸਾਲ ਪ੍ਰਦਾਤਾਵਾਂ ਵੱਲੋਂ ਉਪਲਬਧ ਕਰਾਏ ਜਾਂਦੇ ਸਥਾਨਾਂ ਰਾਹੀਂ ਪ੍ਰਾਪਤ ਕਰ ਸਕਦਾ ਹੈ:

- ਸਾਰਾ ਦਿਨ ਦੇਖਭਾਲ ਨਰਸਰੀਆਂ
- ਪ੍ਰੀ-ਸਕੂਲ
- ਪਲੇਗਰੁੱਪ
- ਚਾਈਲਡਮਾਈਂਡਰ
- ਨਰਸਰੀ ਸਕੂਲ ਅਤੇ ਕਲਾਸਾਂ

ਇਹ ਮੁਢਲੇ ਸਾਲਾਂ ਦੇ ਪ੍ਰਦਾਤਾ ਓਫਸਟੇਡ (Ofsted) ਵਿੱਚ ਰਜਿਸਟਰ ਹੋਣੇ ਚਾਹੀਦੇ ਹਨ। ਤੁਹਾਡੇ ਬੱਚੇ ਦੇ ਸਥਾਨ ਲਈ ਸਿੱਧਾ ਵਾਰਵਿਕਸ਼ਾਇਰ ਕਾਉਂਟੀ ਕਾਉਂਸਿਲ ਤੋਂ ਫ਼ੰਡ ਦਾ ਦਾਅਵਾ ਕਰਨ ਦੀ ਜ਼ਿੰਮੇਵਾਰੀ ਇਹਨਾਂ ਦੀ ਹੁੰਦੀ ਹੈ ਅਤੇ ਇਹ ਅਜਿਹਾ ਕਰਨ ਲਈ ਰਜਿਸਟਰ ਹੋਣੇ ਚਾਹੀਦੇ ਹਨ।





## 3 ਅਤੇ 4 ਸਾਲ ਦੇ ਬੱਚਿਆਂ ਲਈ ਮੁਢਲੇ ਸਾਲ ਦੇ ਅਧਿਕਾਰ

15 ਘੰਟੇ ਦੇ ਯੂਨੀਵਰਸਲ ਅਧਿਕਾਰ ਸਾਲ ਵਿੱਚ ਘੱਟੋ-ਘੱਟ 38 ਹਫ਼ਤਿਆਂ ਤੱਕ, ਵੱਧ ਤੋਂ ਵੱਧ 570 ਘੰਟੇ ਪ੍ਰਤੀ ਸਾਲ ਹੈ, ਮਤਲਬ ਹਰ ਹਫ਼ਤੇ 15 ਘੰਟੇ। ਜੇ ਤੁਸੀਂ 30 ਘੰਟਿਆਂ ਦੀ ਵਿਸਥਾਰਤ ਅਧਿਕਾਰ ਲਈ ਯੋਗ ਹੁੰਦੇ ਹੋ, ਤਾਂ ਇਹ ਸਾਲ ਦੇ ਘੱਟੋ-ਘੱਟ 38 ਹਫ਼ਤਿਆਂ ਵਿੱਚ ਵੱਧ ਤੋਂ ਵੱਧ 1140 ਘੰਟੇ ਪ੍ਰਤੀ ਸਾਲ ਲਈ ਹੈ, ਮਤਲਬ ਹਰ ਹਫ਼ਤੇ 30 ਘੰਟੇ। ਇਹ ਅਧਿਕਾਰ ਸਾਲ ਦੇ ਅਗਲੇ ਕੁਝ ਹਫ਼ਤਿਆਂ ਦੌਰਾਨ ਪ੍ਰਤੀ ਹਫ਼ਤੇ ਥੋੜ੍ਹੇ ਜਿਹੇ ਘੱਟ ਘੰਟਿਆਂ ਰਾਹੀਂ 38 ਹਫ਼ਤਿਆਂ ਤੋਂ ਵਧਾਏ ਵੀ ਜਾ ਸਕਦੇ ਹਨ। ਤੁਹਾਡਾ ਮੁਢਲੇ ਸਾਲ ਪ੍ਰਦਾਤਾ ਫ਼ੰਡ ਪ੍ਰਾਪਤ ਅਧਿਕਾਰ ਕਿਵੇਂ ਉਪਲਬਧ ਕਰਾਉਂਦਾ ਹੈ, ਇਸ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਉਸ ਨਾਲ ਸੰਪਰਕ ਕਰੋ।

## ਯੂਨੀਵਰਸਲ ਅਧਿਕਾਰ -15 ਘੰਟੇ

ਸਾਰੇ ਬੱਚੇ ਸਾਲ ਵਿੱਚ ਆਪਣੇ ਆਪ ਹੀ ਆਪਣੇ 3ਜੇ ਜਨਮ ਦਿਨ ਦੇ ਬਾਅਦ ਦੀ ਟਰਮ ਲਈ 15 ਘੰਟੇ ਯੂਨੀਵਰਸਲ ਅਧਿਕਾਰ ਲਈ ਯੋਗ ਹੁੰਦੇ ਹਨ। ਇਸ ਵਿੱਚ ਯੋਗ ਹੋਣ ਲਈ ਕੋਈ ਐਪਲੀਕੇਸ਼ਨ ਪ੍ਰਕਿਰਿਆ ਨਹੀਂ ਹੈ।

## ਵਿਸਥਾਰਤ ਅਧਿਕਾਰ - 30 ਘੰਟੇ

ਜੇ ਤੁਸੀਂ ਹੇਠਾਂ ਦਿੱਤੇ ਮਾਪਦੰਡ ਪੂਰੇ ਕਰਦੇ ਹੋ, ਤਾਂ ਤੁਸੀਂ ਆਪਣੇ 3 ਜਾਂ 4 ਸਾਲ ਦੇ ਬੱਚੇ ਲਈ ਇੱਕ ਸਾਲ ਵਿੱਚ 38 ਹਫ਼ਤਿਆਂ ਦੇ ਦੌਰਾਨ ਹਰ ਹਫ਼ਤੇ 30 ਘੰਟਿਆਂ ਤੱਕ ਲਈ ਫ਼ੰਡ ਪ੍ਰਾਪਤ ਬਾਲ ਦੇਖਭਾਲ ਸਥਾਨ ਪ੍ਰਾਪਤ ਕਰ ਸਕਦੇ ਹੋ:

- ਤੁਸੀਂ ਇੱਕ ਕੰਮਕਾਜੀ ਪਰਿਵਾਰ ਹੋ ਅਤੇ ਕੌਮੀ ਨਿਰਬਾਹ ਤਨਖਾਹ ਮੁਤਾਬਕ ਹਰ ਹਫ਼ਤੇ 16 ਘੰਟਿਆਂ ਦੇ ਬਰਾਰਬਰ ਦੀ ਕਮਾਈ ਕਰਦੇ ਹੋ।
- ਤੁਹਾਡੀ ਸਲਾਨਾ ਕਮਾਈ £100,000 ਤੋਂ ਘੱਟ ਹੈ।
- ਤੁਹਾਡੇ ਬੱਚੇ ਦੇ 3ਜੇ ਜਨਮਦਿਨ ਦੇ ਬਾਅਦ ਜਾਂ ਮੰਨਣਯੋਗ 30 ਘੰਟਿਆਂ ਦੇ ਕੋਡ ਦੀ ਪ੍ਰਾਪਤੀ ਦੇ ਬਾਅਦ ਦੀ ਮਿਆਦ, ਜੋ ਵੀ ਬਾਅਦ ਵਿੱਚ ਹੋਵੇ।

## 30 ਘੰਟਿਆਂ ਲਈ ਬੇਨਤੀ ਕਰਨ ਦੀ ਪ੍ਰਕਿਰਿਆ:

- ਉਸ ਸਥਾਨ ਦੇ ਸ਼ੁਰੂ ਹੋਣ ਦੀ ਮਿਆਦ ਤੋਂ ਪਹਿਲਾਂ www.childcarechoices.gov.uk 'ਤੇ ਔਨਲਾਈਨ ਬੇਨਤੀ ਕਰੋ, ਜਿਸ ਲਈ ਤੁਸੀਂ ਬੇਨਤੀ ਕਰਨਾ ਚਾਹੁੰਦੇ ਹੋ।
- ਜੇ ਤੁਹਾਡੀ ਬੇਨਤੀ ਸਵੀਕਾਰ ਹੋ ਜਾਂਦੀ ਹੈ, ਤਾਂ HMRC ਤੁਹਾਨੂੰ ਤੁਹਾਡੇ ਸੁਰੱਖਿਅਤ ਖਾਤੇ ਰਾਹੀਂ ਇੱਕ 30 ਘੰਟਿਆਂ ਦਾ ਯੋਗਤਾ ਕੋਡ ਜਾਰੀ ਕਰੇਗਾ, ਜੋ ਤੁਸੀਂ ਆਪਣੇ ਦੇਖਭਾਲ ਪ੍ਰਦਾਤਾ ਨੂੰ ਦੇਣਾ ਹੋਵੇਗਾ।
- ਤੁਹਾਡਾ ਬਾਲ ਦੇਖਭਾਲ ਪ੍ਰਦਾਤਾ ਉਸ ਕੋਡ ਦੀ ਮੰਨਣਾਯੋਗਤਾ ਦੀ ਜਾਂਚ ਕਰੇਗਾ। ਉਸ ਤੋਂ ਬਾਅਦ ਤੁਸੀਂ ਅਗਲੀ ਮਿਆਦ ਲਈ 30 ਘੰਟਿਆਂ ਦਾ ਸਥਾਨ ਰਾਖ਼ਵਾਂ ਕਰ ਸਕਦੇ ਹੋ। ਕੋਡ 'ਤੇ ਪਿਛਲੀ ਮਿਆਦ ਦੇ ਆਖਰੀ ਦਿਨ ਤੋਂ ਪਹਿਲਾਂ ਜਾਂ ਮੰਨਣਯੋਗ ਸ਼ੁਰੂਆਤ ਦੀ ਤਾਰੀਖ਼ ਹੋਣੀ ਚਾਹੀਦੀ ਹੈ:
  - ਪਤਝੜ (ਔਟਮ) ਦਾ ਸਮਾਂ: 31 ਅਗਸਤ ਤੋਂ ਜਾਂ ਪਹਿਲਾਂ ਸ਼ੁਰੂ ਹੁੰਦੀ ਮੰਨਣਯੋਗਤਾ ਦੀ ਤਾਰੀਖ਼
  - ਬਸੰਤ (ਸਪ੍ਰਿੰਗ) ਦਾ ਸਮਾਂ: 31 ਦਿਸੰਬਰ ਤੋਂ ਜਾਂ ਪਹਿਲਾਂ ਸ਼ੁਰੂ ਹੁੰਦੀ ਮੰਨਣਯੋਗਤਾ ਦੀ ਤਾਰੀਖ਼
  - ਗਰਮੀਆਂ (ਸਮਰ) ਦਾ ਸਮਾਂ: 31 ਮਾਰਚ ਤੋਂ ਜਾਂ ਪਹਿਲਾਂ ਸ਼ੁਰੂ ਹੁੰਦੀ ਮੰਨਣਯੋਗਤਾ ਦੀ ਤਾਰੀਖ਼
- ਤੁਹਾਡੇ ਲਈ ਆਪਣੇ ਸੁਰੱਖਿਅਤ ਖਾਤੇ ਵਿੱਚ ਲੌਗ-ਇਨ ਕਰਕੇ ਹਰ 3 ਮਹੀਨਿਆਂ 'ਤੇ ਆਪਣੀ ਯੋਗਤਾ ਦੀ ਮੁੜ-ਪੁਸ਼ਟੀ ਕਰਨਾ ਜਰੂਰੀ ਹੁੰਦਾ ਹੈ। HMRC ਸਮਾਂ-ਸੀਮਾ ਪੂਰੀ ਹੋਣ ਤੋਂ 4 ਹਫ਼ਤੇ ਪਹਿਲਾਂ ਤੁਹਾਨੂੰ ਯਾਦ ਕਰਾਵੇਗਾ।

ਵਧੇਰੀ ਜਾਣਕਾਰੀ ਲਈ ਜਾਂ 30 ਘੰਟਾ ਕੋਡ ਲਈ ਬੇਨਤੀ ਕਰਨ ਵਾਸਤੇ, ਕਿਰਪਾ ਕਰਕੇ www.childcarechoices.gov.uk 'ਤੇ ਜਾਓ

## ਮੈਂ ਆਪਣੇ ਮੁਢਲੇ ਸਾਲ ਦੇ ਅਧਿਕਾਰ ਕਿਵੇਂ ਪ੍ਰਾਪਤ ਕਰਾਂ?

ਮੁਢਲੇ ਸਾਲ ਦੇ ਅਧਿਕਾਰਾਂ ਲਈ ਭੁਗਤਾਨ ਸਿੱਧਾ ਉਸ ਮੁਢਲੇ ਸਾਲ ਪ੍ਰਦਾਤਾ ਨੂੰ ਕੀਤਾ ਜਾਂਦਾ ਹੈ, ਜਿੱਥੇ ਤੁਹਾਡਾ ਬੱਚਾ ਜਾਂਦਾ ਹੈ। ਤੁਹਾਡੇ ਵੱਲੋਂ ਮਾਤਾ-ਪਿਤਾ ਘੋਸ਼ਣਾ ਫਾਰਮ (Parental Declaration Form (PDF)) ਭਰਕੇ ਦੇਣ 'ਤੇ ਉਹ ਤੁਹਾਡੀ ਤਰਫ਼ੋਂ ਫ਼ੰਡ ਲਈ ਦਾਅਵਾ ਕਰਨਗੇ।

## ਮੁਢਲੇ ਸਾਲ ਬਾਲ ਪ੍ਰੀਮੀਅਮ



ਮੁਢਲੇ ਸਾਲ ਬਾਲ ਪ੍ਰੀਮੀਅਮ (Early Years Pupil Premium (EYPP)) ਇੱਕ ਵਧੀਕ ਫ਼ੰਡ ਹੈ, ਜਿਸ ਲਈ ਉਹ ਪ੍ਰਦਾਤਾ ਦਾਅਵੇ ਕਰ ਸਕਦੇ ਹਨ, ਜਿਨ੍ਹਾਂ ਕੋਲ ਯੂਨੀਵਰਸਲ ਅਧਿਕਾਰ ਦੇ ਫ਼ੰਡ ਪ੍ਰਾਪਤ ਕਰ ਰਹੇ 3 ਅਤੇ 4 ਸਾਲ ਦੇ ਬੱਚੇ ਹਨ ਅਤੇ ਬੱਚੇ ਦੇ ਮਾਤਾ-ਪਿਤਾ ਯੋਗਤਾ ਪੂਰੀਆਂ ਕਰਦੇ ਲਾਭ ਪ੍ਰਾਪਤ ਕਰਦੇ ਹਨ।

ਕੋਈ ਵੀ ਬੱਚਾ ਜਾਂ ਉਸਦੇ ਮਾਤਾ-ਪਿਤਾ ਜੋ ਹੇਠਾਂ ਦਿੱਤੇ ਭੁਗਤਾਨ ਲਾਭਾਂ ਵਿੱਚੋਂ ਕੋਈ ਇੱਕ ਜਾਂ ਵਧੇਰੇ ਪ੍ਰਾਪਤ ਕਰਦੇ ਹੋਣ, EYPP ਲਈ ਯੋਗ ਹੋਣਗੇ:

- ਯੂਨੀਵਰਸਲ ਕ੍ਰੈਡਿਟ (Universal Credit) – ਧਿਆਨ ਦਿੱਤਾ ਜਾਵੇ ਕਿ ਉਹਨਾਂ ਦੀ ਸਲਾਨਾ ਸ਼ੁੱਧ ਕਮਾਈ £7,400 ਤੋਂ ਘੱਟ ਹੋਣੀ ਚਾਹੀਦੀ ਹੈ, ਜਿਸ ਦਾ ਮੁਲਾਂਕਣ ਉਹਨਾਂ ਦੇ ਸਭ ਤੋਂ ਹਾਲੀਆ ਤਿੰਨ ਮੁਲਾਂਕਣ ਮਿਆਦਾਂ ਤੱਕ ਕੀਤਾ ਜਾਂਦਾ ਹੈ
- ਆਮਦਨੀ ਵਿੱਚ ਸਹਾਇਤਾ
- ਆਮਦਨੀ ਅਧਾਰਤ ਨੌਕਰੀ ਭਾਲ ਭੱਤਾ
- ਆਮਦਨੀ ਸੰਬੰਧਿਤ ਨੌਕਰੀ ਅਤੇ ਸਹਾਇਤਾ ਭੱਤਾ
- ਆਵਾਸ ਅਤੇ ਅਨਾਥ ਆਸ਼ਰਮ ਐਕਟ (Immigration and Asylum Act) 1999 ਸੈਕਸ਼ਨ 4/95 ਅਤੇ 98 (NASS) ਦੇ ਭਾਗ VI ਹੇਠ ਸਹਾਇਤਾ
- ਰਾਜ ਪੈਨਸ਼ਨ ਕ੍ਰੈਡਿਟ ਦਾ ਗਰੰਟੀ ਅੰਸ਼
- ਬਾਲ ਟੈਕਸ ਕ੍ਰੈਡਿਟ (Child Tax Credit), ਧਿਆਨ ਦਿੱਤਾ ਜਾਵੇ ਕਿ ਉਹ ਕੰਮਕਾਜੀ ਟੈਕਸ ਕ੍ਰੈਡਿਟ (Working Tax Credit) ਲਈ ਯੋਗ ਨਹੀਂ ਹਨ, ਅਤੇ HMRC ਵੱਲੋਂ ਮੁਲਾਂਕਣ ਕੀਤੇ ਮੁਤਾਬਕ ਉਹਨ ਦੀ ਸਲਾਨਾ ਕੁੱਲ ਆਮਦਨੀ £16,190 ਤੋਂ ਜਿਆਦਾ ਨਾ ਹੋਵੇ।
- ਜਦੋਂ ਮਾਤਾ-ਪਿਤਾ ਕੰਮਕਾਜੀ ਟੈਕਸ ਕ੍ਰੈਡਿਟ ਰਨ-ਓਨ (Working Tax Credit run-on) ਲਈ ਯੋਗ ਹੋਣ – (ਕੰਮਕਾਰੀ ਟੈਕਸ ਕ੍ਰੈਡਿਟ ਲਈ ਤੁਹਾਡੇ ਯੋਗਤਾ ਪੂਰੀ ਕਰਨਾ ਬੰਦ ਕਰ ਦੇਣ ਦੇ ਬਾਅਦ 4 ਹਫ਼ਤਿਆਂ ਲਈ ਭੁਗਤਾਨ ਪ੍ਰਾਪਤ ਕੀਤਾ ਹੋਵੇ)।

**ਜਾਂ**

➢ ਇਹ ਕਿ

- ਘੱਟੋ ਘੱਟ ਇੱਕ ਦਿਨ ਲਈ ਸਥਾਨਕ ਅਥਾਰਟੀ ਨੇ ਬੱਚੇ ਦਾ ਧਿਆਨ ਰੱਖਿਆ ਹੈ
- ਕਿਸੇ ਦੇਖਭਾਲ ਕੇਂਦਰ ਨੇ ਬੱਚੇ ਨੂੰ ਗੋਦ ਲੈ ਲਿਆ ਹੈ
- ਖ਼ਾਸ ਸਰਪ੍ਰਸਤੀ ਰਾਹੀਂ ਬੱਚਾ ਦੇਖਭਾਲ ਕੇਂਦਰ ਤੋਂ ਚਲਾ ਗਿਆ ਹੈ
- ਬੱਚੇ ਲਈ ਕੋਈ ਬਾਲ ਵਿਵਸਥਾ ਹੁਕਮ ਹੋਇਆ ਹੈ

## ਦਾਅਵਾ ਕਿਵੇਂ ਕੀਤਾ ਜਾਵੇ

ਮੁਢਲੇ ਸਾਲ ਬਾਲ ਪ੍ਰੀਮੀਅਮ (Early Years Pupil Premium (EYPP)) ਲਈ ਦਾਅਵਾ ਕਰਨ ਵਾਸਤੇ, ਤੁਹਾਡੇ ਲਈ ਤੁਹਾਡੇ ਮੁਢਲੇ ਸਾਲ ਪ੍ਰਦਾਤਾ ਵੱਲੋਂ ਤੁਹਾਨੂੰ ਉਪਲਬਧ ਕਰਾਏ ਗਏ PDF (ਮਾਤਾ-ਪਿਤਾ ਘੋਸ਼ਣਾ ਫਾਰਮ) (Parental Declaration Form) ਦੇ EYPP ਬੇਨਤੀ ਸੈਕਸ਼ਨ ਨੂੰ ਪੂਰਾ ਭਰਨਾ ਅਤੇ ਦਸਤਖਤ ਕਰਨਾ ਲਾਜ਼ਮੀ ਹੈ।

## ਅਪਾਹਜਤਾ ਪਹੁੰਚ ਫ਼ੰਡ (DISABILITY ACCESS FUND (DAF))

DAF ਲਈ ਯੋਗਤਾ ਪੂਰੀ ਕਰਨ ਵਾਸਤੇ, 3 ਅਤੇ 4 ਸਾਲ ਦੇ ਬੱਚੇ ਲਈ ਹੇਠਾਂ ਦਿੱਤੇ ਮਾਪਦੰਡ ਪੂਰੇ ਕਰਨ ਜਰੂਰੀ ਹੈ:

- ➤ ਬੱਚਾ ਅਪਾਹਜਤਾ ਨਿਰਬਾਹ ਭੱਤਾ (Disability Living Allowance (DLA)) ਪ੍ਰਾਪਤ ਕਰਦਾ ਹੋਵੇ – (ਇੱਕ ਕਾਪੀ ਤੁਹਾਡੇ ਬਾਲ ਦੇਖਭਾਲ ਪ੍ਰਦਾਤਾ ਨੂੰ ਜਰੂਰੀ ਦਿੱਤੀ ਜਾਣੀ ਚਾਹੀਦੀ ਹੈ

ਅਤੇ

- ➤ ਬੱਚਾ ਸਾਰੇ ਜਾਂ ਕੁਝ ਯੂਨੀਵਰਸਲ 15 ਘੰਟੇ ਦੇ ਅਧਿਕਾਰ ਪ੍ਰਾਪਤ ਕਰਦਾ ਹੋਵੇ

## ਦਾਅਵਾ ਕਿਵੇਂ ਕੀਤਾ ਜਾਵੇ

ਅਪਾਹਜਤਾ ਪਹੁੰਚ ਫ਼ੰਡ (Disability Access Fund (DAF)) ਲਈ ਦਾਅਵਾ ਕਰਨ ਵਾਸਤੇ, ਤੁਹਾਡੇ ਲਈ ਤੁਹਾਡੇ ਮੁਢਲੇ ਸਾਲ ਪ੍ਰਦਾਤਾ ਵੱਲੋਂ ਤੁਹਾਨੂੰ ਉਪਲਬਧ ਕਰਾਏ ਗਏ PDF (ਮਾਤਾ-ਪਿਤਾ ਘੋਸ਼ਣਾ ਫਾਰਮ) (Parental Declaration Form) ਦੇ DAF ਬੇਨਤੀ ਸੈਕਸ਼ਨ ਨੂੰ ਪੂਰਾ ਭਰਨਾ ਅਤੇ ਦਸਤਖਤ ਕਰਨਾ ਲਾਜ਼ਮੀ ਹੈ।

## ਮੁਢਲੇ ਸਾਲ ਦੇ ਅਧਿਕਾਰ:

### ਅਕਸਰ ਪੁੱਛੇ ਜਾਂਦੇ ਸਵਾਲ

### ➤ ਖਰਚੇ

ਮੁਢਲੇ ਸਾਲ ਦੇ ਅਧਿਕਾਰਾਂ ਦਾ ਮਕਸਦ ਇੱਕ ਹਫ਼ਤੇ ਵਿੱਚ 15 ਜਾਂ 30 ਘੰਟਿਆਂ ਲਈ ਫ਼ੰਡ ਪ੍ਰਾਪਤ, ਉੱਚ-ਗੁਣਵੱਤਾ, ਲਚੀਲੀ ਬਾਲ ਦੇਖਭਾਲ ਉਪਲਬਧ ਕਰਾਉਣਾ ਹੈ। ਮਾਤਾ-ਪਿਤਾ ਨੂੰ ਖਾਣ-ਪੀਣ, ਹੋਰ ਖਪਤਯੋਗ ਚੀਜ਼ਾਂ, ਵਧੀਕ ਘੰਟਿਆਂ ਜਾਂ ਵਧੀਕ ਸੇਵਾਵਾਂ ਲਈ ਭੁਗਤਾਨ ਕਰਨਾ ਪਵੇਗਾ।

### ➤ ਕੀ ਮੈਂ ਇੱਕ ਤੋਂ ਵੱਧ ਮੁਢਲੇ ਸਾਲ ਦੇਖਭਾਲ ਪ੍ਰਦਾਤਾ ਕੋਲ ਮੁਢਲੇ ਸਾਲ ਦੇ ਅਧਿਕਾਰਾਂ ਲਈ ਦਾਅਵਾ ਕਰ ਸਕਦਾ ਹਾਂ

ਹਾਂ, ਇੱਕ ਦਿਨ ਵਿੱਚ ਵੱਧ ਤੋਂ ਵੱਧ 2 ਥਾਵਾਂ।

### ➤ ਕੀ ਸਥਾਨ ਬਦਲਿਆ ਜਾ ਸਕਦਾ ਹੈ?

ਆਮ ਤੌਰ ‘ਤੇ ਫ਼ੰਡ ਪ੍ਰਦਾਤਾ ਨੂੰ ਉਸ ਪੂਰੀ ਮਿਆਦ ਲਈ ਦਿੱਤੇ ਜਾਂਦੇ ਹਨ, ਜਿਸ ਵਿੱਚ ਬੱਚਾ ਹੈੱਡਕਾਊਂਟ ਵਾਲੇ ਦਿਨ ਜਾਂਦਾ ਹੈ। ਜੇ ਤੁਹਾਡਾ ਬੱਚਾ ਹੈੱਡਕਾਊਂਟ ਵਾਲੇ ਦਿਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਚਲਾ ਜਾਂਦਾ ਹੈ, ਤਾਂ ਤੁਹਾਨੂੰ ਇਹ ਜਾਣਨ ਲਈ ਆਪਣੇ ਮੁਢਲੇ ਸਾਲ ਪ੍ਰਦਾਤਾ ਨਾਲ ਗੱਲ ਕਰਨੀ ਪਵੇਗੀ ਕਿ ਉਹ ਫ਼ੰਡ ਕਿਸੇ ਹੋਰ ਪ੍ਰਦਾਤਾ ਨੂੰ ਦੇਣ ਲਈ ਰਾਜ਼ੀ ਹੋਣਗੇ ਜਾਂ ਨਹੀਂ।





ਵਾਰਵਿਕਸ਼ਾਇਰ ਦੇ ਬਾਲ ਦੇਖਭਾਲ ਪ੍ਰਡਟਵਾਨ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਪਰਿਵਾਰ ਜਾਣਕਾਰੀ ਸੇਵਾ ਨਾਲ ਸੰਪਰਕ ਕਰੋ:

01926 742274 ਜਾਂ www.warwickshire.gov.uk/fis

ਫ਼ੰਡਿੰਗ ਨਾਲ ਜੁੜੀ ਆਮ ਪੁੱਛ-ਗਿੱਛ ਲਈ, ਕਿਰਪਾ ਕਰਕੇ ਅਰਲੀ ਯੀਅਰਸ ਫ਼ੰਡਿੰਗ ਟੀਮ (Early Years Funding Team) ਨਾਲ ਸੰਪਰਕ ਕਰੋ:

01926 742235 ਜਾਂ www.warwickshire.gov.uk/childcarecosts

30 ਘੰਟਾ ਫ਼ੰਡਿੰਗ ਲਈ ਯੋਗਤਾ ਅਤੇ ਔਨਲਾਈਨ ਬੇਨਤੀ ਬਾਰੇ ਪੁੱਛ-ਗਿੱਛ ਕਰਨ ਲਈ, ਕਿਰਪਾ ਕਰਕੇ HMRC ਦੇ ਗਾਹਕ ਗੱਲਬਾਤ ਕੇਂਦਰ (Customer Interaction Centre) ਨਾਲ ਸੰਪਰਕ ਕਰੋ: 0300 123 4097 ਜਾਂ www.childcarechoices.gov.uk

ਅਕਤੂਬਰ 2022 ਨੂੰ ਅੱਪਡੇਟ ਕੀਤਾ ਗਿਆ





Warwickshire County Council

Working for Warwickshire